# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ.ਨੰ: 104-06, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ

**ਫੋਨ ਨੰ:172-2623006, 2623207, 2620106 ਫੈਕਸ:0172-2624687 ਈ-ਮੇਲ edusat.punjab@gmail.com**

ਵੱਲ

1) ਮੰਡਲ ਸਿੱਖਿਆ ਅਫਸਰ,
ਨਾਭਾ, ਜਲੰਧਰ ਅਤੇ ਫਰੀਦਕੋਟ
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ।

ਮੀਮੋ ਨੰ: 24/133/PES/2010/Preparation of NDA/1257 - 59
ਮਿਤੀ: 21.05.2010.

ਵਿਸ਼ਾ:- **ਐਨ.ਡੀ.ਏ. ਅਤੇ ਹੋਰ ਡਿਫੈਂਸ ਸਬੰਧੀ ਮੁਕਾਬਲੇ ਦੀ ਪ੍ਰੀਖਿਆ ਦੀ ਕੋਚਿੰਗ ਸਬੰਧੀ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ।**

1) ਜਿਵੇਂ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ:ਸਿ:) ਨਾਲ ਮਿਤੀ 15.5.2010 ਨੂੰ ਹੋਈ ਮਹੀਨਾਵਾਰ ਮੀਟਿੰਗ ਵਿੱਚ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਹਰ ਇਕ ਜ਼ਿਲੇ ਵਿਚ ਸਕੂਲਾਂ ਦੀ ਚੋਣ ਕੀਤੀ ਜਾਣੀ ਹੈ, ਜਿਨ੍ਹਾਂ ਵਿਚ ਉਪਰੋਕਤ ਪ੍ਰੋਗਰਾਮ ਲਾਗੂ ਕੀਤਾ ਜਾਵੇ।
2) ਉਪਰੋਕਤ ਪ੍ਰੋਗਰਾਮ ਲਈ 2 ਸਕੂਲਾਂ ਦੀ ਬਜਾਏ ਹਰ ਇੱਕ ਵੱਡੇ ਜ਼ਿਲ੍ਹੇ ਵਿੱਚੋਂ 7 ਸਕੂਲਾਂ ਦੀ ਚੋਣ ਕੀਤੀ ਜਾਵੇ ਅਤੇ ਛੋਟੇ ਜਿਲ੍ਹਿਆਂ (ਜਿਵੇਂ ਕਿ ਫਰੀਦਕੋਟ, ਮੋਹਾਲੀ, ਫਤਹਿਗੜ੍ਹ ਸਾਹਿਬ, ਬਰਨਾਲਾ, ਨਵਾਂ ਸ਼ਹਿਰ , ਮਾਨਸਾ, ਮੋਗਾ, ਮੁਕਤਸਰ, ਤਰਨਤਾਰਨ) ਵਿੱਚੋਂ ਹਰ ਇੱਕ ਵਿੱਚੋਂ 4 ਸਕੂਲਾਂ ਦੀ ਚੋਣ ਕੀਤੀ ਜਾਵੇ। ਸਕੂਲਾਂ ਦੀ ਚੋਣ ਕਰਨ ਲਈ ਸਕੂਲ ਦਾ ਅਕਾਦਮਿਕ ਰਿਕਾਰਡ ਵੇਖਿਆ ਜਾਵੇ। ਚੁਣੇ ਜਾਣ ਵਾਲੇ ਸਕੂਲਾਂ ਦੇ ਪਿਛਲੇ ਪੰਜ ਸਾਲਾਂ ਦੇ ਨਤੀਜ਼ੇ ਬਹੁਤ ਚੰਗੇ ਹੋਣੇ ਚਾਹੀਦੇ ਹਨ ਅਤੇ ਉਹਨਾਂ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਸਾਰੀਆਂ ਪੋਸਟਾਂ ਭਰੀਆ ਹੋਣ। ਵੱਧ ਵਿਦਿਆਰਥੀਆਂ ਵਾਲੇ ਸਕੂਲਾਂ ਨੂੰ ਵੀ ਤਰਜੀਹ ਦਿੱਤੀ ਜਾਵੇ। ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਆਪਣੇ ਪੱਧਰ ਤੇ ਸਕੂਲਾਂ ਅਤੇ ਲੋੜੀਂਦੇ ਅਧਿਆਪਕਾਂ ਦੀ ਚੋਣ ਕਰ ਲੈਣ ਅਤੇ ਇਸ ਸਬੰਧੀ ਸੂਚਨਾ 28-5-2010 ਤੱਕ ਇਸ ਦਫਤਰ ਰਾਹੀਂ ਪ੍ਰਮੁੱਖ ਸਕੱਤਰ, ਰੋਜ਼ਗਾਰ ਪੈਦਾਕਰਨ ਅਤੇ ਟਰੇਨਿੰਗ ਵਿਭਾਗ ਪੰਜਾਬ, ਨੂੰ ਭੇਜੀ ਜਾਣੀ ਹੈ।
3) ਉਪਰੋਕਤ ਪ੍ਰੋਗਰਾਮ ਲਈ ਚੁਣੇ ਹੋਏ ਸਕੂਲਾਂ ਵਿੱਚ ਕੰਮ ਕਰ ਰਹੇ ਜਾਂ ਜ਼ਿਲੇ ਵਿਚ ਹੋਰ ਸਕੂਲਾਂ ਕੰਮ ਕਰ ਰਹੇ ਲੈਕਚਰਾਰਾਂ / ਅਧਿਆਪਕਾਂ ਦੀ ਚੋਣ ਵੀ ਕੀਤੀ ਜਾਵੇ ਜੋ ਕੈਮਿਸਟਰੀ, ਫਿਜਿਕਸ, ਬਾਇਲੋਜੀ, ਹਿਸਾਬ, ਅੰਗਰੇਜ਼ੀ, ਹਿਸਟਰੀ, ਜਿਓਗ੍ਰਾਫੀ ਅਤੇ ਰਾਜਨੀਤੀ ਸ਼ਾਸਤਰ ਵਿਸ਼ੇ ਨਾਲ ਸਬੰਧਤ ਹੋਣ। ਚੁਣੇ ਹੋਏ ਸਕੂਲਾਂ ਵਿਚ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਲਿਸਟਾਂ ਵੀ ਤਿਆਰ ਕੀਤੀਆਂ ਜਾਣ।
4) ਜਲੰਧਰ ਜ਼ਿਲ੍ਹੇ ਵਿਚ ਇਹ ਪ੍ਰੋਗਰਾਮ ਪਹਿਲਾਂ ਹੀ ਲਾਗੂ ਕੀਤਾ ਗਿਆ ਹੈ ਜਿਵੇਂ ਕਿ ਜਲੰਧਰ ਵਿਖੇ 7 ਸਕੂਲਾਂ ਲਈ ਅਧਿਆਪਕਾਂ ਦੀ ਚੋਣ ਕੀਤੀ ਹੋਈ ਹੈ, ਜਿਸ ਦੀ ਤਰਜ਼ ਤੇ ਬਾਕੀ ਜਿਲ੍ਹਿਆਂ ਵਿੱਚ ਅਧਿਆਪਕਾਂ ਦੀ ਸ਼ਨਾਖਤ ਕੀਤੀ ਜਾਵੇ। ਸ਼ਨਾਖਤ ਕੀਤੇ ਸਕੂਲਾਂ ਅਤੇ ਅਧਿਆਪਕਾਂ ਦੀ ਲਿਸਟ 26.5.2010 ਤੱਕ ਇਸ ਦਫਤਰ ਨੂੰ ਪੁੱਜਦੀ ਕੀਤੀ ਜਾਵੇ।
5) ਇਸ ਪ੍ਰੋਗਰਾਮ ਬਾਰੇ ਹੋਰ ਮੁਕੰਮਲ ਜਾਣਕਾਰੀ ਲਈ ਬ੍ਰਿਗੇਰੀਅਰ ਸ੍ਰੀ ਜੀ.ਜੇ. ਸਿੰਘ (ਮੋਬਾਇਲ ਨੰ: 94173-78826) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਉਪਰੋਕਤ ਪ੍ਰੋਗਰਾਮ ਲਈ ਪ੍ਰੋਸਾਹਿਤ ਕਰਨ ਲਈ ਉਹਨਾਂ ਵੱਲੋਂ ਇੱਕ 35 ਮਿੰਟ ਦੀ ਸੀ.ਡੀ.ਤਿਆਰ ਕੀਤੀ ਗਈ ਹੈ ਜੋ ਉਨ੍ਹਾਂ ਵੱਲੋਂ ਹਰ ਜ਼ਿਲ੍ਹੇ ਦੇ ਰੋਜ਼ਗਾਰ ਅਫਸਰ ਨੂੰ ਭੇਜੀ ਜਾ ਰਹੀ ਹੈ।

**ਅਸਿਸਟੈਂਟ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਵਾ. ਡੀ.ਜੀ.ਐਸ.ਈ., ਪੰਜਾਬ**

ਪਿੱਠ ਅੰਕਣ ਨੰ.: 24/133/PES/2010/Preparation of NDA/1260-80 ਮਿਤੀ, ਚੰਡੀਗੜ੍ਹ: 21.05.2010.

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਜ਼ਿਲ੍ਹਾ ਐਜੂਸੈਟ ਕੋਆਰਡੀਨੇਟਰ ਸਕੂਲਾਂ ਵਿਦਿਆਰਥੀਆਂ, ਅਤੇ ਅਧਿਆਪਕਾਂ ਦੀ ਚੋਣ ਕਰਨ ਉਪਰੰਤ ਲਿਸਟ ਨਿਮਨ ਹਸਤਾਖਰੀ ਨੂੰ ਮਿਤੀ 26.5.10 ਤੱਕ ਪਹੁੰਚਦੀ ਕਰਨਾ ਯਕੀਨੀ ਬਣਾਉਣ।
2) ਡੀ.ਐਮ. (ਐਮ.ਆਈ.ਐਸ.), ਐਸ.ਐਸ.ਏ. ਪੰਜਾਬ ਨੂੰ ਉਪਰੋਕਤ ਪੱਤਰ ਵੈਬਸਾਈਟ ਤੇ ਪਾਉਣ ਲਈ।

**ਅਸਿਸਟੈਂਟ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਵਾ. ਡੀ.ਜੀ.ਐਸ.ਈ., ਪੰਜਾਬ**